SEVEN OAKS
SCHOOL DIVISION
*community begins here*

Board Office
830 Powers Street
Winnipeg, MB. R2V 4E7

Telephone: **204.586.8061**
Fax: **204.589.2504**

**15 ਜਨਵਰੀ, 2026**
**ਵਿਸ਼ਾ: École Mino Pimatisiwin ਲਈ ਨਵੇਂ ਕੈਚਮੈਂਟ ਇਲਾਕੇ ਦੀ ਘੋਸ਼ਣਾ – ਜੋ ਕਿ ਸਤੰਬਰ 2026 ਵਿੱਚ ਖੁੱਲ੍ਹ ਰਹੀ ਹੈ**

ਪਿਆਰੇ ਸੈਵਨ ਓਕਸ ਪਰਿਵਾਰੋ,

ਸੈਵਨ ਓਕਸ ਸਕੂਲ ਡਿਵਿਜ਼ਨ ਨੂੰ ਇਹ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਕੇ ਖੁਸ਼ੀ ਹੋ ਰਹੀ ਹੈ ਕਿ École Mino Pimatisiwin ਲਈ ਨਵੇਂ ਕੈਚਮੈਂਟ ਇਲਾਕੇ ਦੀ ਸਥਾਪਨਾ ਕਰ ਦਿੱਤੀ ਗਈ ਹੈ। ਇਹ ਸਾਡਾ ਨਵਾਂ ਦੋਹਰੇ-ਟਰੈਕ ਵਾਲਾ(ਅੰਗਰੇਜ਼ੀ ਅਤੇ ਫ੍ਰੈਂਚ ਇਮਰਸ਼ਨ) ਕਿੰਡਰਗਾਰਟਨ ਤੋਂ ਲੈ ਕੇ ਗ੍ਰੇਡ 8 ਤੱਕ ਦਾ ਸਕੂਲ ਹੈ। ਸਕੂਲ ਸਤੰਬਰ 2026 ਵਿੱਚ ਕਿੰਡਰਗਾਰਟਨ ਤੋਂ ਗ੍ਰੇਡ 6 ਤੱਕ ਦੀਆਂ ਕਲਾਸਾਂ ਨਾਲ ਖੁੱਲੇਗਾ। ਗ੍ਰੇਡ 7 ਸਤੰਬਰ 2027 ਵਿੱਚ ਅਤੇ ਗ੍ਰੇਡ 8 ਸਤੰਬਰ 2028 ਵਿੱਚ ਸ਼ੁਰੂ ਹੋਵੇਗਾ।

ਜਿਵੇਂ-ਜਿਵੇਂ ਸਾਡਾ ਭਾਈਚਾਰਾ ਵਧਦਾ ਜਾ ਰਿਹਾ ਹੈ, ਇਹ ਮਹੱਤਵਪੂਰਨ ਹੈ ਕਿ ਵਿਦਿਆਰਥੀ ਘਰ ਦੇ ਨੇੜੇ ਸਕੂਲ ਜਾ ਸਕਣ ਅਤੇ ਡਿਵੀਜ਼ਨ ਦੇ ਸਾਰੇ ਸਕੂਲਾਂ ਵਿੱਚ ਦਾਖ਼ਲਾ ਸੰਤੁਲਿਤ ਰਹੇ। ਇਸਦਾ ਸਮਰਥਨ ਕਰਨ ਲਈ, ਅਸੀਂ École Mino Pimatisiwin ਲਈ ਇੱਕ ਨਵਾਂ ਕੈਚਮੈਂਟ ਇਲਾਕਾ ਸਥਾਪਤ ਕੀਤਾ ਹੈ। ਨਤੀਜੇ ਵਜੋਂ, ਕੁਝ ਵਿਦਿਆਰਥੀ ਜੋ ਇਸ ਵੇਲੇ ਨੇੜਲੇ ਸਕੂਲਾਂ—ਖ਼ਾਸ ਕਰਕੇ École Templeton ਅਤੇ Riverbend School—ਵਿੱਚ ਪੜ੍ਹ ਰਹੇ ਹਨ, ਹੁਣ ਇਸ ਨਵੇਂ ਸਕੂਲ ਦੀ ਨਿਰਧਾਰਤ ਸੀਮਾ ਦੇ ਅੰਦਰ ਆਉਂਦੇ ਹਨ। ਸਤੰਬਰ 2026 ਤੋਂ ਸ਼ੁਰੂ ਕਰਦੇ ਹੋਏ, ਕਿੰਡਰਗਾਰਟਨ ਤੋਂ ਲੈ ਕੇ ਗ੍ਰੇਡ 6 ਤੱਕ ਦੇ ਉਹ ਵਿਦਿਆਰਥੀ ਜੋ ਇਸ ਕੈਚਮੈਂਟ ਦੇ ਅੰਦਰ ਰਹਿੰਦੇ ਹਨ, École Mino Pimatisiwin ਵਿੱਚ ਦਾਖ਼ਲ ਹੋਣਗੇ।

ਨਵਾਂ ਕੈਚਮੈਂਟ ਇਲਾਕਾ Aurora at North Point ਅਤੇ Highland Pointe ਦੇ ਇਲਾਕੇ ਸ਼ਾਮਲ ਹਨ । ਕੈਚਮੈਂਟ ਇਲਾਕੇ ਦਾ ਨਕਸ਼ਾ ਦੇਖਣ ਲਈ ਕਿਰਪਾ ਕਰਕੇ ਹੇਠਾਂ ਦਿੱਤੇ ਲਿੰਕ ਵੇਖੋ:

- École Mino Pimatisiwin – English Catchment
- École Mino Pimatisiwin – French Catchment

ਅਸੀਂ ਮੰਨਦੇ ਹਾਂ ਕਿ ਸਕੂਲ ਤਬਦੀਲੀ ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਕਈ ਸਵਾਲ ਲਿਆ ਸਕਦਾ ਹੈ। ਸਾਡਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਹਰ ਬੱਚਾ ਆਪਣੇ ਨਵੇਂ ਸਕੂਲ ਵਿੱਚ ਸ਼ਾਮਲ ਹੋਣ 'ਤੇ ਸੁਆਗਤ ਮਹਿਸੂਸ ਕਰੇ। ਆਉਣ ਵਾਲੇ ਹਫ਼ਤਿਆਂ ਅਤੇ ਮਹੀਨਿਆਂ ਵਿੱਚ, ਸੈਵਨ ਓਕਸ ਸਕੂਲ ਡਿਵਿਜ਼ਨ ਓਪਨ ਹਾਊਸ, ਜਾਣਕਾਰੀ ਸੈਸ਼ਨ ਅਤੇ ਹੋਰ ਮੌਕੇ ਪ੍ਰਦਾਨ ਕਰੇਗਾ ਤਾਂ ਜੋ ਪਰਿਵਾਰ ਸਕੂਲ, ਇਸ ਦੇ ਪ੍ਰੋਗਰਾਮ ਅਤੇ ਬਦਲਾਅ ਪ੍ਰਕਿਰਿਆ ਬਾਰੇ ਹੋਰ ਜਾਣ ਸਕਣ। ਜਿਨ੍ਹਾਂ ਪਰਿਵਾਰਾਂ ਨੂੰ ਇਸ ਨਵੇਂ ਕੈਚਮੈਂਟ ਇਲਾਕੇ ਨਾਲ ਸਿੱਧਾ ਪ੍ਰਭਾਵ ਪੈਂਦਾ ਹੈ, ਉਨ੍ਹਾਂ ਨੂੰ École Mino Pimatisiwin ਦੀ ਪ੍ਰਿੰਸੀਪਲ, Crystal Hanson ਵੱਲੋਂ ਵੱਖਰੀ ਚਿੱਠੀ ਭੇਜੀ ਜਾਵੇਗੀ ਜਿਸ ਵਿੱਚ ਹੋਰ ਜਾਣਕਾਰੀ ਹੋਵੇਗੀ।

ਅਸੀਂ École Mino Pimatisiwin ਵਿੱਚ ਵਿਦਿਆਰਥੀਆਂ ਅਤੇ ਪਰਿਵਾਰਾਂ ਦਾ ਸੁਆਗਤ ਕਰਨ ਲਈ ਉਤਸੁਕ ਹਾਂ।

ਦਿਲੋਂ ਸਤਿਕਾਰ ਨਾਲ,

Tony Kreml Superintendent
Board Office 830 Powers Street Winnipeg, MB R2V 4E7
Telephone: 204.586.8061 Fax: 204.589.2504